ਪ੍ਰੈੱਸ ਨੋਟ

ਯਾਦਗਾਰੀ ਹੋ ਨਿਬੜਿਆ ਪੰਜਾਬ ਪੁਲਿਸ ਵੱਲੋਂ ਗਿੱਦੜਬਾਹਾ ਵਿਖੇ ਕਰਵਾਏ ਖੇਡ ਮੁਕਾਬਲੇ ਪ੍ਰੋਗਰਾਮ

ਖੇਡ ਮੁਕਾਬਲਿਆਂ ਵਿੱਚ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੇ ਦਿੱਤਾ ਸੁਨੇਹਾ

ਖੇਡ ਪ੍ਰੋਗਰਾਮ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹਿਣਗੇ:- ਜ਼ਿਲਾ ਪੁਲਿਸ ਮੁਖੀ ਸ੍ਰੀ ਭਾਗੀਰਥ ਸਿੰਘ ਮੀਨਾ

ਸ੍ਰੀ ਮੁਕਤਸਰ ਸਾਹਿਬ ( ) ਮਾਨਯੋਗ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਸ੍ਰੀ ਗੌਰਵ ਯਾਦਵ ਆਈ.ਪੀ.ਐਸ ਡੀ.ਜੀ.ਪੀ ਪੰਜਾਬ ਦੀਆਂ ਹਦਾਇਤਾਂ ਤਹਿਤ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੰਦੇ ਹੋਏ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਕੇ ਤੰਦਰੁਸਤ ਜੀਵਨ ਜਿਉਣ ਦੇ ਲਈ ਪ੍ਰੇਰਿਤ ਕਰਨ ਲਈ ਦੋ ਰੋਜਾ ਖੇਡ ਟੂਰਨਾਮੈਂਟ ਗੰਗਾ ਰਾਮ ਸਟੇਡੀਅਮ ਗਿੱਦੜਬਾਹਾ ਵਿਖੇ ਆਯੋਜਿਤ ਕੀਤੇ ਗਏ ਸਨ, ਇਹਨਾਂ ਟੂਰਨਾਮੈਂਟ ਵਿੱਚ ਬਾਸਕਟ ਬਾਲ ਅਤੇ ਕੁਸ਼ਤੀ ਦੀਆਂ ਟੀਮਾਂ ਵੱਲੋਂ ਭਾਗ ਲਿਆ ਗਿਆ ਸੀ, ਇਸ ਖੇਡ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਅਤੇ ਹਰਿਆਣੇ ਤੋਂ ਖਿਡਾਰੀਆਂ ਵੱਲੋਂ ਸ਼ਿਰਕਤ ਕੀਤੀ ਗਈ, ਅੱਜ ਫਾਈਨਲ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਫਾਈਨਲ ਮੁਕਾਬਲੇ ਵਿੱਚ ਪਹੁੰਚੀਆਂ ਟੀਮਾਂ ਨੂੰ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ, ਸ੍ਰੀ ਮਹੇਸ਼ ਕੁਮਾਰ ਸੀ.ਜੇ.ਐਮ, ਸ੍ਰੀ ਲਖਵੀਰ ਸਿੰਘ ਜੇ.ਐਮ.ਆਈ.ਸੀ ਵੱਲੋਂ ਗਰਾਊਂਡ ਵਿੱਚ ਪਹੁੰਚ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਹਨਾਂ ਦੀ ਹੌਂਸਲਾ ਅਫਜਾਈ ਕੀਤੀ ਗਈ। ਇਸ ਮੌਕੇ ਸ.ਅਵਤਾਰ ਸਿੰਘ ਡੀ.ਐਸ.ਪੀ ਮਲੋਟ, ਸ੍ਰੀ ਜਸਬੀਰ ਸਿੰਘ ਡੀ.ਐਸ.ਪੀ ਗਿੱਦੜਬਾਹਾ, ਡਾ ਅਜੀਤ ਪਾਲ ਸਿੰਘ ਚਹਿਲ ਐਸ.ਡੀ.ਐਮ ਗਿੱਦੜਬਾਹਾ ਹਾਜ਼ਰ ਸਨ। ਇਸ ਮੌਕੇ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਐਸ.ਐਸ.ਪੀ ਜੀ ਨੇ ਜੇਤੂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ, ਉਹਨਾਂ ਕਿਹਾ ਕਿ ਨਸ਼ਿਆਂ ਕਰਕੇ ਜਿੱਥੇ ਆਰਥਿਕ ਹਾਲਾਤਾਂ ਨਾਲ ਜੂਝਦੇ ਹਾਂ ਉਥੇ ਹੀ ਸਰੀਰਕ ਨੁਕਸਾਨ ਵੀ ਹੁੰਦੇ ਹਨ, ਇਸ ਲਈ ਆਪਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੇ ਖਿਡਾਰੀ ਬਣਨਾ ਚਾਹੀਦਾ ਹੈ ਉਹਨਾਂ ਕਿਹਾ ਕਿ ਇਹ ਪ੍ਰੋਗਰਾਮ ਅੱਗੇ ਵੀ ਇਸੇ ਤਰ੍ਹਾਂ ਹੀ ਚਲਦੇ ਰਹਿਣਗੇ।

ਇਹਨਾਂ ਖੇਡ ਪ੍ਰੋਗਰਾਮ ਦੇ ਵਿੱਚੋਂ ਪਹਿਲਾ ਸਥਾਨ ਬਾਸਕਟਬਾਲ ਸੀਨੀਅਰ ਗਿੱਦੜਬਾਹਾ ਟੀਮ ਵੱਲੋਂ ਜਿੱਤਿਆ ਗਿਆ, ਦੂਸਰਾ ਸਥਾਨ ਬਾਸਕਟਬਾਲ ਮਲੋਟ ਟੀਮ, ਜੂਨੀਅਰ ਬਾਸਕਟਬਾਲ ਟੀਮ ਦਾ ਪਹਿਲਾ ਇਨਾਮ ਭੈਣੀਵਾਲ, ਦੂਸਰਾ ਇਨਾਮ ਗਿੱਦੜਬਾਹਾ ਨੇ ਜਿੱਤਿਆ, ਕੁਸ਼ਤੀ 60 ਕਿਲੋ ਵਿੱਚੋਂ ਪਹਿਲਾ ਇਨਾਮ ਗੁਰਸ਼ਰਨ ਕੌਰ ਫਰੀਦਕੋਟ ਦੂਸਰਾ ਨਾਮ ਰਾਜਵੀਰ ਕੌਰ ਗਿੱਦੜਬਾਹਾ, ਤੀਸਰਾ ਸਥਾਨ ਮਨਪ੍ਰੀਤ ਕੌਰ ਫਰੀਦਕੋਟ ਨੇ ਜਿੱਤਿਆ, ਕੁਸ਼ਤੀ 52 ਕਿਲੋ ਵਿੱਚੋਂ ਪਹਿਲਾ ਇਨਾਮ ਔਰਹਮ ਜੈਨ ਗਿੱਦੜਬਾਹਾ, ਦੂਜਾ ਇਨਾਮ ਪ੍ਰਿੰਸ ਅਬੋਹਰ ਤੀਜਾ ਨਾਮ ਲਖਵੀਰ ਰਾਮ ਗਿਦੜਬਾਹਾ ਨਹੀਂ ਜਿੱਤਿਆ, 75 ਕਿਲੋ ਕੁਸ਼ਤੀ ਵਿੱਚੋਂ ਪਹਿਲਾ ਇਨਾਮ ਮਨਜੀਤ ਹਰਿਆਣਾ ਦੂਸਰਾ ਇਨਾਮ ਆਕਾਸ਼ਦੀਪ ਅਬੋਹਰ ਤੀਸਰਾ ਨਾਮ ਹਰਮਨਦੀਪ ਗਿੱਦੜਬਾਹਾ ਨੇ ਜਿੱਤਿਆ। ਇਸ ਮੌਕੇ ਸਿੰਘ ਖਿਡਾਰੀਆਂ ਨੂੰ ਨਗਦ ਇਨਾਮ ਅਤੇ ਜੇਤੂ ਟਰੋਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ ਨਾਲ ਹੀ ਇਸ ਟੂਰਨਾਮੈਂਟ ਵਿੱਚ ਪਹੁੰਚੀਆਂ ਸ਼ਖਸੀਅਤਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਦਨ ਲਾਲ ਸੁਖਪਾਲ ਸ਼ਰਮਾ ਜੀਵਨ ਕੁਮਾਰ ਸ਼ਾਮ ਸੁੰਦਰ ਭਾਣ ਚੰਦ ਹਰਦੀਪ ਸਿੰਘ ਕਿਰਨਪਾਲ ਸਿੰਘ ਰਾਜਵੀਰ ਗਲੋਤਰਾ ਏਐਸਆਈ ਜਗਸੀਰ ਪੂਰੀ ਤਰਸੇਮ ਸਿੰਘ ਸਟੇਜ ਸੈਕਟਰੀ ਆਦ ਹਾਜਰ ਸਨ।